# ਸ਼੍ਰੇਣੀ-ਦਸਵੀਂ

# ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ

**2025-26**

(ਭਾਗ-1)

## ਪ੍ਰਸ਼ਨ ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਲਿਖਤੀ (ਜਿਉਮੈਟਰੀ+ਸਕੇਲ):40 ਅੰਕ

ਚਿੱਤਰਕਲਾ (ਪ੍ਰਯੋਗੀ):40 ਅੰਕ

INA:20 ਅੰਕ

ਕੁੱਲ: 100 ਅੰਕ

ਪ੍ਰਸ਼ਨ ਨੰ:1 ਤੋਂ 4 ਤੱਕ ਹਰ ਪ੍ਰਸ਼ਨ ਦੇ 5-5 ਅੰਕ ਹੋਣਗੇ। ਪੰਜਵਾਂ ਪ੍ਰਸ਼ਨ ਸਕੇਲ ਦਾ 20 ਅੰਕਾਂ ਦਾ ਹੋਵੇਗਾ। ਇਹ ਪ੍ਰਸ਼ਨ ਜ਼ਰੂਰੀ ਕਰਨਾ ਹੋਵੇਗਾ।

| | | |
|---|---|---|
| 1. | ਰੇਖਾਵਾਂ ਦੀ ਅਨੁਪਾਤਕ ਵੰਡ ਅਤੇ ਕਰਣਵਤ ਪੈਮਾਨੇ। | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। |
| 2. | ਸਮਰੂਪੀ ਅਕਾਰ | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। |
| 3. | ਬਾਹਰੀ ਅਤੇ ਅੰਤਰੀ ਅਕਾਰ | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। |
| 4. | ਠੋਸ ਜਾਂ ਨਿੱਗਰ ਜਿਉਮੈਟਰੀ (ਘਣ,ਬੇਲਨ,ਸੰਕੂ,ਗੋਲਾ, ਚੌ ਮੁੱਖਾ,ਘਣਖੇਤਰ, ਮਿਨਾਰ) | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। |

5. ਸਕੇਲ/ਮਕੈਨੀਕਲ ਡਰਾਇੰਗ (ਜ਼ਰੂਰੀ)

(Scale/Mechanical Drawing)

ਹੇਠ ਲਿਖਿਆਂ ਦਾ ਮੱਥਾ (ELEVATION), ਪਾਸਾ(SIDE) ਅਤੇ ਤਲ(PLAN) ਬਣਾਓ।

i ਮੇਜ਼ ਦਾ ਦਰਾਜ    ii ਸਟੂਡੈਂਟ ਮੇਜ਼    iii ਫਾਇਲ ਰੈਕ

iv ਬਾਥਰੂਮ ਟੇਬਲ    v ਟੀ ਪੌਟ ਸਟੈਂਡ(ਘੜੌਂਜੀ)    viਸਪਾਈਸ ਬੋਤਲ ਰੈਕ

Vii ਡਰਾਇੰਗ ਟੇਬਲ    viii ਪਟਵਾਰੀ ਜਾਂ ਕਲਰਕ ਡੈਸਕ    ix ਬਲਾਕ

ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (3.5 ਸੈਂ:ਮੀ:x 25 ਸੈਂ:ਮੀ:)

ਅੰਕ ਦੀ ਵੰਡ:-

| | | |
|---|---|---|
| ਮੱਥਾ(ELEVATION) | = | 5 ਅੰਕ |
| ਪਾਸਾ (SIDE) | = | 4 ਅੰਕ |
| ਤਲ (PLAN) | = | 5 ਅੰਕ |
| ਪੈਮਾਨਾ (SCALE) | = | 2ਅੰਕ |
| ਲਿਖਾਈ (WRITING) | = | 2ਅੰਕ |
| ਕਾਗਜ ਦੀ ਵੰਡ (DIVISION) | = | 2ਅੰਕ |
| ਕੁੱਲ ਜੋੜ | = | 20 ਅੰਕ |

(ਭਾਗ-II)

## ਚਿੱਤਰਕਲਾ (ਪ੍ਰਯੋਗੀ)

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (Structure of Question Paper)

ਸਮਾਂ:4 ਘੰਟੇ ਅੰਕ:40

ਇਸ ਪੇਪਰ ਵਿੱਚ ਕੁੱਲ 5ਪ੍ਰਸ਼ਨ ਸੈੱਟ ਕੀਤੇ ਜਾਣਗੇ। ਪਹਿਲਾ ਪ੍ਰਸ਼ਨ (ਵਸਤੂ ਚਿੱਤਰਨ) ਮਾਡਲ ਡਰਾਇੰਗ ਦਾ ਹੋਵੇਗਾ ਜਿਹੜਾ ਕਰਨਾ ਜ਼ਰੂਰੀ ਹੋਵੇਗਾ। ਬਾਕੀ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨ ਹੱਲ ਕਰਨੇ ਹੋਣਗੇ।

1. ਵਸਤੂ ਚਿੱਤਰਨ (ਮਾਡਲ ਡਰਾਇੰਗ) ਸਾਹਮਣੇ ਰੱਖਿਆਂ ਹੋਈਆਂ ਤਿੰਨ ਵਸਤੂਆਂ ਜਿਹਨਾਂ ਵਿੱਚੋਂ ਥੱਲੇ ਰੱਖੀ ਹੋਈ ਵਸਤੂ ਆਇਤਾਕਾਰ ਜਾਂ ਵਰਗਾਕਾਰ ਹੋਵੇ ਅਤੇ ਉੱਪਰ ਕੋਈ ਦੋ ਵਸਤੂਆਂ ਦਾ ਚਿੱਤਰਨ ਕਰਨਾ।
   ਮਾਧਿਅਮ : ਪੇਸਟਲ,ਰੰਗਦਾਰ ਪੈਨਸਿਲਾਂ,ਕਾਲੀ ਪੈਨਸਿਲ ਨਾਲ ਹਲਕੀ ਤੇ ਗੂੜ੍ਹੀ ਛਾਇਆ ਤੇ ਪ੍ਰਛਾਇਆ।
2. ਸਕੈਚਿੰਗ ਅਤੇ ਬਣਾਵਟ: ਕਲਪਾਮਈ ਫਰੀਹੈਂਡ ਆਪਾ ਪ੍ਰਗਟ ਕਰਦੇ ਪਸ਼ੂ, ਪੰਛੀ, ਜਾਨਵਰ ਅਤੇ ਆਮ ਜੀਵਨ ਨਾਲ ਸਬੰਧਤ ਘਟਨਾਵਾਂ ਦੇ ਚਿੱਤਰ ਬਣਆਉਣੇ।
3. ਡਿਜ਼ਾਈਨ: ਜਿਉਮੈਟਰੀਕਲ ਅਕਾਰ ਜਿਵੇਂ ਵਰਗ, ਤਿਕੋਣ, ਆਇਤ,ਚੱਕਰ,ਅੱਧ ਚੱਕਰ ਵਿੱਚ ਫੁੱਲ੍ਹਾਂ ,ਪੱਤਿਆਂ, ਟਾਹਣੀਆਂ ਅਤੇ ਡੋਡੀਆਂ ਦੇ ਨਮੂਨੇ ਤਿਆਰ ਕਰਨੇ।
   ਮਾਧਿਅਮ: ਪੋਸਟਰ ਕਲਰ।
4. ਪੋਸਟਰ ਅਤੇ ਲੇ-ਆਊਟ: ਨਿੱਜੀ ਜੀਵਨ, ਸਿਹਤ, ਖੇਡਾਂ, ਪੜ੍ਹਾਈ ਵਾਤਾਵਰਣ ਅਤੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਪੋਸਟਰ ਤਿਆਰ ਕਰਨੇ ਅਤੇ ਬੱਚਿਆਂ ਦੀਆਂ ਪੁਸਤਕਾਂ ਅਤੇ ਮਾਸਿਕ ਪੱਤਰਾਂ (ਰਸਾਲਿਆਂ) ਦੇ ਕਵਰ ਚਿੱਤਰ ਤਿਆਰ ਕਰਨੇ।
   ਮਾਧਿਅਮ: ਪੋਸਟਰ ਕਲਰ।
5. ਧਰਤੀ ਦ੍ਰਿਸ਼ ਚਿੱਤਰਨ: ਕਲਪਨਾ ਤੇ ਯਾਦ ਸ਼ਕਤੀ ਦੁਆਰਾ ਧਰਤੀ ਦ੍ਰਿਸ਼ ਚਿੱਤਰਨ ਕਰਨਾ ਜਿਵੇਂ ਵੱਖ-ਵੱਖ ਤਰ੍ਹਾਂ ਦੇ ਦਰਖਤ, ਝੌਂਪੜੀ, ਪਹਾੜੀ ਮਕਾਨ, ਝੀਲ, ਦਰਿਆ, ਪਹਾੜ ,ਪਿੰਡ, ਮਨੁੱਖ,ਬੱਦਲ ਅਤੇ ਜਾਨਵਰ ਆਦਿ ਦੇ ਚਿੱਤਰ ਬਣਾਉਣੇ।
   ਮਾਧਿਅਮ: ਪੋਸਟਰ,ਪੈਨਸਿਲ ਅਤੇ ਪਾਣੀ ਵਾਲੇ ਰੰਗ।
   ਕਾਗਜ਼ ਦਾ ਮਾਪ: ਉਪਰੋਕਤ ਸਾਰੇ ਪ੍ਰਸ਼ਨਾਂ ਲਈ1/4 ਭਾਗ (35 ਸੈਂ:ਮੀ: x25 ਸੈਂ:ਮੀ:)ਹੈ।

ਜ਼ਰੂਰੀ ਨੋਟ:- ਇਹ ਪੇਪਰ ਪੂਰਾ ਪ੍ਰਯੋਗੀ ਹੈ। ਜੋ ਕਿ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਪ੍ਰਯੋਗੀ ਪ੍ਰੀਖਿਅਕ ਮੌਕੇ ਤੇ ਹੀ ਉਪਰੋਕਤ ਅਨੁਸਾਰ ਪੇਪਰ ਤਿਆਰ ਕਰੇਗਾ ਅਤੇ ਮੁਲਾਂਕਣ ਵੀ ਮੌਕੇ ਤੇ ਕਰਕੇ ਨੰਬਰ ਸੂਚੀਆਂ ਸਬੰਧਤ ਅਧਿਕਾਰੀ ਨੂੰ ਦੇਵੇਗਾ।